# ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ।
## ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ,
## ਫੇਜ਼ 3 ਬੀ-1, ਐਸ.ਏ.ਐਸ.ਨਗਰ।
www.educationrecruitmentboard.com

ਨੰਬਰ 6/5-2017ਭ.ਡ.(9) ਮਿਤੀ 15.11.2017

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਾਸਟਰ ਕਾਡਰ ਦੇ ਸਮਾਜਿਕ ਸਿੱਖਿਆ, ਮੈਥ, ਸਾਇੰਸ, ਅੰਗਰੇਜੀ, ਪੰਜਾਬੀ ਅਤੇ ਹਿੰਦੀ ਵਿਸ਼ਿਆ ਦੀਆਂ 3582 ਅਸਾਮੀਆਂ ਨੂੰ ਭਰਨ ਸਬੰਧੀ ਮਿਤੀ 10-09-2017 ਨੂੰ ਯੋਗ ਉਮੀਦਵਾਰਾਂ ਪਾਸੋਂ ਆਨ ਲਾਈਨ ਅਰਜੀਆਂ ਦੀ ਮੰਗ ਕੀਤੀ ਗਈ ਸੀ।ਜਿਸ ਦੀ ਅਪਲਾਈ ਕਰਨ ਦੀ ਆਖਰੀ ਮਿਤੀ 01.11.2017 ਤੱਕ ਵਾਧਾ ਕੀਤਾ ਗਿਆ ਸੀ।ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਾਲ 2011 ਅਤੇ 2016 ਦਾ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਦਾ ਨਤੀਜਾ ਰੀਵਾਇਜ਼ਡ ਕਰਨ ਦੇ ਹੁਕਮ ਦਿੱਤਾ ਗਿਆ ਸੀ।ਅਜਿਹੇ ਉਮੀਦਵਾਰਾਂ ਦਾ ਰੀਵਾਈਜ਼ਡ ਨਤੀਜਾ ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ ਵੱਲੋਂ ਵੈਬਸਾਈਟ ਤੇ ਅਪਲੋਡ ਕੀਤਾ ਜਾ ਚੁੱਕਾ ਹੈ।ਇਸ ਲਈ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-II ਦੇ ਰੀਵਾਇਜ਼ਡ ਨਤੀਜੇ ਮੁਤਾਬਿਕ ਜਿਨ੍ਹਾਂ ਉਮੀਦਵਾਰਾਂ ਦੇ ਅੰਕਾਂ ਵਿੱਚ ਵਾਧਾ ਹੋਇਆ ਹੈ ਅਤੇ ਹੋਰ ਉਮੀਦਵਾਰ ਜੋ ਕਿ ਵਧਾਈ ਗਈ ਨਿਰਧਾਰਿਤ ਮਿਤੀ ਤੋਂ ਕਿਸੇ ਕਾਰਨ ਅਪਲਾਈ ਕਰਨ ਤੋਂ ਰਹਿ ਗਏ ਸਨ ਨੂੰ ਵਿਭਾਗ ਦੀ ਵੈਬਸਾਈਟ (www.educationrecruitmentboard.com) ਤੇ ਮਿਤੀ 20-11-2017 ਤੱਕ ਆਨਲਾਈਨ ਅਪਲਾਈ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ।ਰਜਿਸਟਰਡ ਉਮੀਦਵਾਰ ਆਪਣੀ ਫੀਸ ਮਿਤੀ 22-11-2017 ਤੱਕ ਬੈਂਕ ਚਲਾਨ ਰਾਹੀਂ ਭਰ ਸਕਦੇ ਹਨ।

ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।